**ਮਾਨਯੋਗ ਮੁੱਖ ਸਕੱਤਰ, ਪੰਜਾਬ-ਕਮ-ਚੇਅਰਮੈਨ, ਗਮਾਡਾ ਜੀ ਦੀ ਪ੍ਰਧਾਨਗੀ ਹੇਠ ਗਰੇਟਰ ਮੋਹਾਲੀ ਏਰੀਆ ਵਿਕਾਸ ਅਥਾਰਿਟੀ (ਗਮਾਡਾ) ਦੀ ਅਥਾਰਿਟੀ ਦੀ ਮਿਤੀ 20.08.2025 ਨੂੰ ਸਵੇਰੇ 10.00 ਵਜੇ ਹੋਈ 35ਵੀਂ ਮੀਟਿੰਗ ਦੀ ਕਾਰਵਾਈ।**

ਮੀਟਿੰਗ ਵਿੱਚ ਹੇਠ ਲਿਖੇ ਅਨੁਸਾਰ ਮੈਂਬਰਾਂ ਨੇ ਭਾਗ ਲਿਆ:-

| ਲੜੀ ਨੰ: | ਅਧਿਕਾਰੀ ਦਾ ਨਾਮ ਅਤੇ ਅਹੁਦਾ<br>ਸਰਵ ਸ੍ਰੀ/ਸ੍ਰੀਮਤੀ | ਅਹੁਦਾ |
|---|---|---|
| 1 | ਤੇਜਵੀਰ ਸਿੰਘ, ਆਈ.ਏ.ਐਸ<br>ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ,<br>ਸਥਾਨਕ ਸਰਕਾਰ ਵਿਭਾਗ, ਪੰਜਾਬ | ਮੈਂਬਰ |
| 2 | ਵਿਕਾਸ ਗਰਗ, ਆਈ.ਏ.ਐਸ<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ, ਪੰਜਾਬ | ਮੈਂਬਰ ਸਕੱਤਰ |
| 3 | Nilkanth S Avhad ਆਈ.ਏ.ਐਸ<br>ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,<br>ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ | ਮੈਂਬਰ |
| 4 | ਮਨਿੰਦਰ ਪਾਲ ਸਿੰਘ, ਆਈ.ਏ.ਐਸ<br>ਸਕੱਤਰ, ਪੰਜਾਬ ਸਰਕਾਰ,<br>ਉਦਯੋਗ ਅਤੇ ਕਾਮਰਸ ਵਿਭਾਗ, ਪੰਜਾਬ | ਮੈਂਬਰ |
| 5 | V.N Zade, IAS<br>(ਸਕੱਤਰ ਖਰਚਾ) (ਨੁਮਾਇੰਦਾ)<br>ਵਧੀਕ ਮੁੱਖ ਸਕੱਤਰ<br>ਪੰਜਾਬ ਸਰਕਾਰ<br>ਵਿੱਤ ਵਿਭਾਗ, ਪੰਜਾਬ | ਮੈਂਬਰ |
| 6 | ਮਨਵੇਸ਼ ਸਿੰਘ ਸਿੱਧੂ, ਆਈ.ਏ.ਐਸ<br>ਸਕੱਤਰ, ਮਾਲ ਵਿਭਾਗ (ਨੁਮਾਇੰਦਾ)<br>ਵਧੀਕ ਮੁੱਖ ਸਕੱਤਰ<br>ਪੰਜਾਬ ਸਰਕਾਰ,<br>ਮਾਲ ਤੇ ਪੁਨਰ ਵਿਕਾਸ ਵਿਭਾਗ, ਪੰਜਾਬ | ਮੈਂਬਰ |



Scanned with OKEN Scanner

| | | |
|---|---|---|
| 7 | ਵਿਸ਼ੇਸ਼ ਸਾਰੰਗਲ, ਆਈ.ਏ.ਐਸ,<br>ਮੁੱਖ ਪ੍ਰਸ਼ਾਸਕ, ਗਮਾਡਾ | ਮੈਂਬਰ |
| 8 | ਕੋਮਲ ਮਿੱਤਲ, ਆਈ.ਏ.ਐਸ<br>ਡਿਪਟੀ ਕਮਿਸ਼ਨਰ, ਐਸ.ਏ.ਐਸ ਨਗਰ। | ਮੈਂਬਰ |
| 9 | ਪਰਮਿੰਦਰ ਸਿੰਘ, ਆਈ.ਏ.ਐਸ<br>ਕਮਿਸ਼ਨਰ, ਮਿਊਸੀਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ। | ਮੈਂਬਰ |
| 10 | ਮਨਦੀਪ ਕੌਰ<br>ਮੁੱਖ ਨਗਰ ਯੋਜਨਾਕਾਰ, ਪੰਜਾਬ,<br>ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ। | ਮੈਂਬਰ |

ਮੀਟਿੰਗ ਵਿੱਚ ਲੜੀਵਾਰ ਅਜੰਡਾ ਆਈਟਮਾਂ ਤੇ ਵਿਚਾਰ ਕੀਤਾ ਗਿਆ ਅਤੇ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ:-

<u>ਅਜੰਡਾ ਆਈਟਮ ਨੰ:35.01</u>

**Homi Bhabha Cancer Hospital and Research Centre ਨੂੰ ਮੈਡੀਸਿਟੀ, ਨਿਊ ਚੰਡੀਗੜ੍ਹ ਵਿਖੇ ਹਸਪਤਾਲ ਦੇ ਵਾਧੇ ਲਈ ਹੋਰ ਭੌਂ ਅਲਾਟ ਕਰਨ ਸਬੰਧੀ।**

Authority considered the matter and approved the transfer of 11.239 acres to Department of Health and Family Welfare who shall further allot the site to Homi Bhabha Cancer Hospital and Research Center at their own level. Authority also agreed to the other conditions as enunciated in Para 7.0 of the Agenda. Furthermore Authority decided that the Homi Bhabha Cancer Hospital and Research Center shall give an undertaking that they shall construct all the structure/ building by availing the applicable F.A.R as per National Building Code/ Building bye laws applicable. GMADA shall ensure that same is followed while approving the Building Plan.

<u>ਅਜੰਡਾ ਆਈਟਮ ਨੰ:35.02</u>

**ਮੈਕਸ ਹਸਪਤਾਲ ਨੂੰ ਮੈਡੀਸਿਟੀ ਵਿਖੇ ਅਲਾਟ ਕੀਤੀ 5 ਏਕੜ ਦੀ ਸਾਈਟ ਬਾਰੇ।**

Authority considered the matter in details. The following points were considered that while the site measuring 5 acres was allotted to Max Health

Care Ltd. on 27/03/2025 there remained deficiencies which are as under:-

1. GMADA didn't install an Incinerator & ETP as per allotment letter within 42 months of taking over possession of site, and it has not been constructed even now.
2. There was High Tension wire in the plot which was shifted on 17/07/2019.
3. There was a revenue road passing through site which stood acquired in 31-12-2013 but road was in continuous usage of villagers till 08/07/2024 where an alternate route was provided and made motorable. The Authority decided that therefore now Max Health Care Institute Limited could not be penalised. Authority approved the option 2 whereby Max Health Care Institute Limited shall be given the following relief.

ੳ) ਅਲਾਟਮੈਂਟ ਪੱਤਰ ਦੀ ਸ਼ਰਤ ਨੰ: 3 (iv) ਦੇ ਹੇਠ ਦਰਸਾਏ ਗਏ ਨੋਟ-2 ਅਨੁਸਾਰ ਗਮਾਡਾ ਵੱਲੋਂ ਸਾਈਟ ਦਾ ਕਬਜਾ ਦੇਣ ਦੀ ਮਿਤੀ ਤੋਂ 42 ਮਹੀਨਿਆਂ ਅੰਦਰ Incinerator and Effluent Treatment Plant ਸਥਾਪਿਤ ਕੀਤਾ ਜਾਣਾ ਸੀ, ਇਸ ਲਈ 42 ਮਹੀਨਿਆਂ ਦੇ ਸਮੇਂ ਅੰਦਰ ਮੈਕਸ ਹਸਪਤਾਲ ਵੀ ਕਿਸ਼ਤਾਂ ਦੀ ਰਕਮ ਜਮ੍ਹਾਂ ਕਰਵਾਉਣ ਲਈ ਪਾਬੰਦ ਸੀ। ਪਰੰਤੂ ਇਸ ਸਮੇਂ ਦੌਰਾਨ ਪੈਂਦੀ ਤੀਜੀ ਕਿਸ਼ਤ ਦੀ ਰਕਮ (5.34 ਕਰੋੜ ਰੁਪਏ) ਤਿੰਨਾ ਸਾਲਾਂ ਤੋਂ ਵੱਧ ਦਾ ਸਮਾਂ ਬੀਤਣ ਉਪਰੰਤ ਵੀ ਮੈਕਸ ਹਸਪਤਾਲ ਵੱਲੋਂ ਜਮ੍ਹਾਂ ਨਹੀ ਕਰਵਾਈ ਗਈ ਹੈ। ਇਹ ਤਿੰਨ ਸ਼ਾਲਾਂ ਤੋਂ ਵੱਧ ਦੇ ਸਮੇਂ ਦੀ ਦੇਰੀ ਕੰਡੋਨ ਕਰਨ ਸਬੰਧੀ ਭਾਵੇਂ ਮੈਡੀਸਿਟੀ ਪਾਲਿਸੀ ਅਤੇ ਅਲਾਟਮੈਂਟ ਪੱਤਰ ਵਿੱਚ ਕੋਈ ਉਪਬੰਧ ਨਹੀਂ ਹੈ, ਪਰੰਤੂ ਪੁੱਡਾ ਦੀ ਪਾਲਿਸੀ ਮਿਤੀ 23.09.2003 (ਅਨੁਲੱਗ-7) ਤਹਿਤ ਇਸ ਕੇਸ ਨੂੰ ਵਿਚਾਰਦੇ ਹੋਏ ਸਧਾਰਨ ਵਿਆਜ (12% ਸਾਲਾਨਾ) ਅਤੇ 5% ਪੈਨਲਟੀ ਵਸੂਲਦੇ ਹੋਏ ਇਹ ਦੇਰੀ ਕੰਡੋਨ ਕਰ ਦੇਣੀ ਯੋਗ ਹੈ।

(ਅ) ਪਲਾਟ ਦੀ ਕੀਮਤ ਦੀ ਚੌਥੀ ਤੋਂ ਸੱਤਵੀ ਕਿਸਤ ਦੀ ਰਕਮ ਸਾਈਟ ਦਾ ਕਬਜਾ ਦੇਣ ਦੀ ਮਿਤੀ ਤੋਂ 42 ਮਹੀਨਿਆਂ ਬਾਅਦ ਅਦਾ ਯੋਗ ਸੀ, ਜਿਸ ਤੋਂ ਪਹਿਲਾ ਗਮਾਡਾ ਵੱਲੋਂ ਮੈਡੀਸਿਟੀ ਵਿਖੇ Incinerator and Effluent Treatment Plant ਸਥਾਪਿਤ ਕੀਤਾ ਜਾਣਾ ਸੀ, ਜੋ ਕਿ ਗਮਾਡਾ ਵੱਲੋ ਇਸ ਸਮੇਂ ਵਿੱਚ ਸਥਾਪਤ ਨਾਂ

ਹੋਣ ਕਰਕੇ 42 ਮਹੀਨਿਆਂ ਤੋਂ ਬਾਅਦ ਦੀਆ ਕਿਸ਼ਤਾਂ (4th to 7th) ਪੈਰਾ ਨੰਬਰ ਅਲਾਟਮੈਂਟ ਪੱਤਰ ਦੀ ਸ਼ਰਤ ਨੰ 3 ਹੇਠ ਦਰਸਾਏ ਗਏ ਨੋਟ-2 (ਜਿਸ ਬਾਰੇ ਪੈਰਾ ਨੰ:1.6 ਵਿੱਚ ਦੱਸਿਆ ਗਿਆ ਹੈ) ਅਨੁਸਾਰ Defer ਹੋ ਗਈਆਂ ਹਨ। ਇਸ ਲਈ ਇਹਨਾਂ ਕਿਸਤਾਂ ਤੇ ਵਿਆਜ ਅਤੇ ਪਨੈਲਟੀ ਚਾਰਜ ਨਹੀਂ ਹੋਣੀ। ਪਰੰਤੂ ਮੈਕਸ ਹਸਪਤਾਲ ਵੱਲੋਂ ਮੀਟਿੰਗ ਦੌਰਾਨ ਇਹਨਾਂ 4 ਕਿਸਤਾਂ (4th to 7th) ਦੀ ਰਕਮ ਯਕਮੁਸਤ ਜਮਾਂ ਕਰਵਾਉਣ ਦੀ ਜੁਬਾਨੀ ਸਹਿਮਤੀ ਦਿੱਤੀ ਹੈ, ਇਸ ਲਈ ਮੈਕਸ ਹਸਪਤਾਲ ਨੂੰ ਇਹ ਰਕਮ ਯਕਮੁਸਤ ਜਮਾਂ ਕਰਵਾਉਣ ਵਾਸਤੇ ਪਾਬੰਦ ਕਰ ਦੇਣਾ ਬਣਦਾ ਹੈ।

(ੲ) ਲੇ ਆਊਟ ਪਲੈਨ ਵਿੱਚ ਦਰਸਾਏ alternative route ਦੀ ਮੌਕੇ ਤੇ ਉਸਾਰੀ ਕੀਤੀ ਜਾ ਚੁੱਕੀ ਹੈ। ਇਸ ਲਈ ਅਲਾਟੀ ਨੂੰ 30 ਦਿਨਾਂ ਅੰਦਰ ਸਾਈਟ ਦਾ ਕਬਜਾ ਲੈਣ ਲਈ offer ਕਰ ਦਿੱਤੀ ਜਾਵੇ। 31ਵੇਂ ਦਿਨ ਨੂੰ ਸਾਈਟ ਦਾ ਕਬਜਾ ਦੇਣ ਦੀ ਮਿਤੀ ਮੰਨਦੇ ਹੋਏ ਅਲਾਟੀ ਨੂੰ 60 ਦਿਨਾਂ ਅੰਦਰ ਇਸ ਸਾਈਟ ਦਾ ਬਿਲਡਿੰਗ ਪਲੈਨ ਪ੍ਰਵਾਨ ਕਰਵਾਉਣ ਅਤੇ ਕਬਜਾ ਦੇਣ ਦੀ ਮਿਤੀ ਤੋਂ 3 ਸਾਲਾਂ ਦੇ ਅੰਦਰ ਬਿਲਡਿੰਗ ਦੀ ਉਸਾਰੀ ਮੁਕੰਮਲ ਕਰਕੇ ਹਸਪਤਾਲ ਨੂੰ Functional ਕਰਨ ਵਾਸਤੇ ਪਾਬੰਦ ਕਰਨਾ ਯੋਗ ਹੋਵੇਗਾ। ਜੇਕਰ ਅਲਾਟੀ ਇਸ ਤਰ੍ਹਾਂ ਨਹੀ ਕਰਦਾ ਤਾਂ ਉਸ ਨੂੰ ਬਿਨਾਂ ਕੋਈ ਹੋਰ ਮੌਕਾ ਦਿੱਤੇ ਸਾਈਟ ਜ਼ਬਤ ਕਰਨ ਸਬੰਧੀ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

(ਸ) ਪੁੱਡਾ ਵੱਲੋ ਜਾਰੀ ਹਦਾਇਤਾਂ ਮਿਤੀ 15.01.1998 (ਅਨੁਲੱਗ-8) ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਫੈਸਲੇ ਮਿਤੀ 22.11.2016 (ਅਨੁਲੱਗ-9) ਦੀ ਰੌਸਨੀ ਵਿੱਚ ਇਸ ਸਾਈਟ ਸਬੰਧੀ ਉਸਾਰੀ ਦਾ 3 ਸਾਲਾਂ ਦਾ ਮੈਰੇਟੋਰੀਅਮ ਪੀਰੀਅਡ ਕਬਜਾ ਦੇਣ ਦੀ ਮਿਤੀ ਤੋਂ ਗਿਣਿਆ ਜਾਣਾ ਹੈ ਅਤੇ ਉਦੋਂ ਤੱਕ ਇਸ ਸਾਈਟ ਉਪਰ ਨਾਨ ਉਸਾਰੀ ਫੀਸ ਚਾਰਜ ਨਹੀਂ ਹੋਵੇਗੀ।

In addition, condition of L.O.I dated 27/03/2015 to commission Incinerator and Effluent Treatment Plant stands deleted. Affidavit shall be taken from Max Health Care Institute Limited that they shall not make any further claims before any Authority/Court of Law.

ਮੁੱਖ ਸਕੱਤਰ,